# SHASTRI-SANT INTERVIEW

The following excerpt from an interview between the late Prime Minister Lal Bahadur Shastri and Sant Fateh Singh speaks for itself. Home Minister Nanda was also present at the interview which took place in the fall of 1965. It was recorded by Arjun Singh Budhiraja and appeared in KAUMI EKTA weekly of September 11 and 18.

It is amazing how Prime Minister Shastri pretends ignorance of Government's tardiness in building the Gadar Party Memorial or Memorials to outstanding martyrs among the Sikhs. Our files show that such state of affairs was brought to his personal attention by Sardar Hukam Singh, former Speaker of the Lok Sabha. We have faithfully mailed all copies of our Bulletins along with special air mail letters to all the prime ministers of India, foreign Ministers, other members of the Cabinet and other officials.

There has been a great public demand for the erection of a Memorial at 5 Wood Street, San Francisco in honour of the Hindustan Gadar Party. We have written dozens of letters to the Consul Generals, and sent copies to the Indian Embassy, the Foreign Ministry in New Delhi, and other Ministries, publications, etc. Why are Government officials so ignorant of these matters? Or are they taking liberty with truth?

## ਸੰਤ - ਸ਼ਾਸਤਰੀ ਮਲਾਕਾਤ ..

ਸੰਤ ਜੀ–ਸਿੱਖਾਂ ਨੇ ਭੀ ਭਾਰਤ ਆਜ਼ਾਦੀ ਲਈ ਬੇਮਿਸਾਲ ਕੁਰਬਾਨੀਆਂ ਕੀਤੀਆਂ ਹਨ, ਪਰ ਉਹਨਾਂ ਦੀਆਂ ਸ਼ਹੀਦੀ ਯਾਦਗਾਰਾਂ ਵਲ ਧਿਆਨ ਨਹੀਂ ਦਿਤਾ ਜਾ ਰਿਹਾ। ਲਾਲਾ ਲਜਪਤ ਰਾਏ ਜੀ ਦੇ ਪਿੰਡ ਢੁਡੀਕੇ ਵਿਚ ਕਿਤਨੀ ਸ਼ਾਨਦਾਰ ਯਾਦਗਾਰ ਬਣੀ ਹੈ। ਮੈਂ ਭੀ ਪਿਛਲੇ ਦਿਨ ਜਾ ਕੇ ਆਇਆ ਹਾਂ, ਪਰ ਉਸੇ ਪਿੰਡ ਦੇ ਲਾਗੇ ਇਕ ਹੋਰ ਸਿੱਖ ਨੂੰ ਫਾਂਸੀ ਲਗੀ ਸੀ, ਉਸਦੀ ਯਾਦਗਾਰ ਵਲ ਕਿਸੇ ਧਿਆਨ ਨਹੀਂ ਦਿਤਾ। ਮੇਰਾ ਇਹ ਮਤਲਬ ਨਹੀਂ ਕਿ ਲਾਲਾ ਜੀ ਦੀ ਯਾਦਗਾਰ ਕਿਉਂ ਬਣਾਂਦੇ ਹੋ, ਮੈਂ ਇਹ ਕਹਿੰਦਾ ਹਾਂ ਕਿ ਇਕ ਪਾਸੇ ਤਾਂ ਸਾਰੇ ਭਾਰਤ ਵਿਚ ਲਾਲਾ ਜੀ ਦੀਆਂ ਯਾਦਗਾਰਾਂ ਬਣ ਰਹੀਆਂ ਹਨ ਅਤੇ ਦੂਜੇ ਪਾਸੇ ਜਿਹੜੇ ਸਿੱਖ ਆਜ਼ਾਦੀ ਵਾਸਤੇ ਫਾਂਸੀ ਚੜ੍ਹੇ ਹਨ, ਉਹਨਾਂ ਦੀਆਂ ਯਾਦਗਾਰਾਂ ਬਣਾਈਆਂ ਨਹੀਂ ਜਾ ਰਹੀਆਂ, ਇਹ ਵਿਤਕਰਾ ਕਿਉਂ ? ਬਾਬਾ ਖੜਕ ਸਿੰਘ ਜੀ, ਸ: ਭਗਤ ਸਿੰਘ, ਸ: ਕਰਤਾਰ ਸਿੰਘ ਸਰਾਭਾ, ਗੁਰੂਕੇ ਬਾਗ਼ ਤੇ ਹੋਰ ਅਨੇਕਾਂ ਸਿੱਖਾਂ ਨੇ ਭਾਰਤ ਦੀ ਆਜ਼ਾਦੀ ਲਈ ਜਾਨਾਂ ਵਾਰੀਆਂ, ਫਾਂਸੀਆਂ ਤੇ ਲਟਕੇ, ਕਾਮਾ ਗਾਟਾ ਮਾਰੂ ਜਹਾਜ਼ ਅਤੇ ਅਤੇ ਗ਼ਦਰੀ ਬਾਬਿਆਂ ਵਿਚੋਂ ਕਿਸੇ ਭੀ ਸਿੱਖ ਦੇਸ਼ ਭਗਤ ਦੀ ਯਾਦ ਵਲ ਧਿਆਨ ਨਹੀਂ ਦਿਤਾ ਜਾਂਦਾ। ਸਾਨੂੰ ਹਿੰਦੂ ਦੇਸ਼ ਭਗਤਾਂ ਦੀਆਂ ਯਾਦਗਾਰਾਂ ਕਾਇਮ ਕਰਨ ਤੇ ਖੁਸ਼ੀ ਹੈ, ਉਹਨਾਂ ਦੀਆਂ ਯਾਦਗਾਰਾਂ ਕਾਇਮ ਹੋਣੀਆਂ ਚਾਹੀਦਆਂ ਹਨ, ਪਰੰਤੂ ਸਿੱਖ ਸ਼ਹੀਦਾਂ ਨਾਲ ਭੀ ਉਹੋ ਜਿਹਾ ਸਲੂਕ ਕੀਤਾ ਜਾਣਾ ਚਾਹੀਦਾ ਹੈ। ਤੁਹਾਨੂੰ ਸਾਰਿਆਂ ਨੂੰ ਇਕ ਨਿਗਾਹ ਨਾਲ ਵੇਖਣਾ ਚਾਹੀਦਾ ਹੈ।

ਨੰਦਾ ਜੀ–ਤੁਸਾਂ ਨੇ ਚੰਗਾ ਕੀਤਾ ਸਾਡਾ ਧਿਆਨ ਇਸ ਪਾਸੇ ਵਲ ਦਿਵਾਇਆ, ਅਸੀਂ ਜ਼ਰੂਰ ਇਸ ਤੇ ਵਿਚਾਰ ਕਰਾਂਗੇ।

ਸ਼ਾਸਤਰੀ ਜੀ–ਹਮ ਨੇ ਪਹਿਲੇ ਨਹੀਂ ਸੁਣਾ ਥਾ (ਤੇ ਹੈਰਾਨੀ ਨਾਲ ਸੰਤ ਜੀ ਵਲ ਵੇਖੀ ਜਾਏ )।

ਸੰਤ ਜੀ–ਤੁਸੀਂ ਦੇਸ਼ ਦੇ ਹੁਕਮਰਾਨ ਹੋ, ਤੁਹਾਨੂੰ ਹਰ ਪਾਸੇ ਧਿਆਨ ਰਖਣਾ ਚਾਹੀਦਾ ਹੈ। ਲੱਦਾਖ ਅਤੇ ਨੀਫਾ ਵਿਚ ਸਿੱਖ ਕੌਮ ਦੀਆਂ ਬਹਾਦਰੀਆਂ ਦਾ ਜ਼ਿਕਰ ਸਵਰਗੀ ਪਰਧਾਨ ਮੰਤਰੀ ਨਹਿਰੂ ਨੇ ਕਈ ਵਾਰ ਕੀਤਾ ਸੀ, ਪਰੰਤੂ ਇਸ ਸਬੰਧ ਵਿਚ ਇਕ ਫਿਲਮ ਭੀ ਤਿਆਰ ਹੋਈ, ਜਿਸ ਦਾ ਨਾਉਂ 'ਹਕੀਕਤ' ਹੈ। ਇਸ ਦੀ ਤਿਆਰੀ ਲਈ ਸਰਦਾਰ ਕੈਰੋਂ ਨੇ ੧੦ ਲਖ ਰੁਪਏ ਦਿਤੇ ਸਨ, ਪਰ ਇਸ ਵਿਚ ਸਿੱਖਾਂ ਦੀ ਬਹਾਦਰੀ ਦਾ ਕੋਈ ਭੀ ਸੀਨ ਨਹੀਂ ਵਿਖਾਇਆ ਗਿਆ।

ਸ਼ਾਸਤਰੀ ਜੀ – ਆਪ ਨੇ ਦੇਖੀ ਹੈ।

ਸੰਤ ਜੀ–ਨਹੀਂ, ਮੇਰੇ (ਅਰਜਨ ਸਿੰਘ ਬੁਧੀਰਾਜਾ) ਵਲ ਇਸ਼ਾਰਾ ਕਰਦਿਆਂ ਇਹਨਾਂ ਨੇ ਵੇਖੀ ਹੈ।

ਸ਼ਾਸਤਰੀ ਜੀ – (ਅਰਜਨ ਸਿੰਘ ਬੁਧੀਰਾਜਾ) ਸੰਬੋਧਨ ਕਰਦਿਆਂ, ਇਹਨਾਂ ਨੇ ਵੇਖੀ ਹੈ ?

ਸ਼ਾਸਤਰੀ ਜੀ – ਮੈਨੂੰ (ਅਰਜਨ ਸਿੰਘ ਬੁਧੀਰਾਜਾ) ਸੰਬੋਧਨ ਕਰਦਿਆਂ, ਆਪ ਨੇ ਕਿਆ ਦੇਖਾ ਹੈ ?

ਬੁਧੀਰਾਜਾ – ਉਸ ਵਿਚ ਇਕ ਸਿਖ ਨੂੰ ਸ਼ਰਾਬ ਪੀਂਦਾ ਵਿਖਾਇਆ ਹੈ।

ਸ਼ਾਸਤਰੀ ਜੀ – ਨੰਦਾ ਜੀ ਨੂੰ ਮੁਖਾਤਬ ਕਰਦਿਆਂ ਹੋਇਆਂ, ਇਹ ਤਾਂ ਬਹੁਤ ਇਤਰਾਜ਼ ਵਾਲੀ ਗਲ ਹੈ ਇਹ ਵੇਖਣਾ ਚਾਹੀਦਾ ਹੈ, (ਸ਼ਾਸਤ੍ਰੀ ਜੀ ਦਾ ਚਿਹਰਾ ਅਜੀਬ ਉਤਰਾਉ ਚੜ੍ਹਾਉ ਵਿਚ ਸੀ)।

ਸੰਤ ਜੀ – ਇਥੇ ਸਿੱਖਾਂ ਨਾਲ ਕੋਈ ਇਕ ਵਿਤਕਰਾ ਹੋਵੇ ਤਾਂ ਭੀ ਕੋਈ ਗਲ ਆਖੀ ਜਾਏ ਇਥੇ ਤਾਂ ਕਦਮ ਕਦਮ ਤੇ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ। ਇਥੇ ਕਈ ਛੋਟੇ ਛੋਟੇ ਦੇਸ਼ ਭਗਤਾਂ ਦੀਆਂ ਯਾਦਾਂ ਵਿਚ ਛੁਟੀਆਂ ਕੀਤੀਆ ਜਾਂਦੀਆਂ ਹਨ, ਪਰੰਤੂ ਸਿੱਖਾਂ ਦੇ ਗੁਰੂ ਸਾਹਿਬਾਨ ਦੀ ਯਾਦ ਵਿਚ ਕਿਉਂ ਆਮ ਛੁਟੀਆਂ ਨਹੀਂ ਕੀਤੀਆਂ ਜਾਂਦੀਆਂ। ਮਿਸਾਲ ਦੇ ਤੌਰ ਤੇ ਗੁਰੂ ਅਰਜਨ ਸਾਹਿਬ ਨੇ ਧਰਮ ਦੀ ਖਾਤਰ ਸ਼ਹਾਦਤ ਦਿਤੀ। ਗੁਰੂ ਤੇਗ ਬਹਾਦਰ ਨੇ ਹਿੰਦ ਦੀ ਚਾਦਰ ਬਣ ਕੇ ਹਿੰਦੂ ਧਰਮ ਦੀ ਰਾਖੀ ਲਈ ਦਿੱਲੀ ਵਿਚ ਸ਼ਹਾਦਤ ਦਿਤੀ ਸੀ, ਕੇਵਲ ਤਿਲਕ ਜੰਞੂਆਂ ਦੀ ਰਾਖੀ ਵਾਸਤੇ। ਇਹ ਛੁਟੀ ਉਚ ਪੱਧਰ ਤੇ ਸਮੂਹ ਭਾਰਤ ਸਰਕਾਰ ਅਤੇ ਭਾਰਤਵਾਸੀਆਂ ਨੂੰ ਮਨਾਉਣੀ ਚਾਹੀਦੀ ਹੈ, ਜਿਸ ਦੀ ਬਦੌਲਤ ਭਾਰਤ ਬਚਿਆ, ਹਿੰਦੂ ਧਰਮ ਬਚਿਆ, ਸਭਿਅਤਾ ਬਚੀ ਹੈ, ਪ੍ਰੰਤੂ ਨਹੀਂ ਮਨਾਈ ਜਾ ਰਹੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲੋਂ ਕਿਹੜਾ ਦੇਸ਼ ਭਗਤ ਹੋ ਸਕਦਾ ਹੈ, ਜਿਨ੍ਹਾਂ ਸਾਰਾ ਪਰਵਾਰ ਦੇਸ਼, ਕੌਮ, ਧਰਮ ਤੋਂ ਵਾਰ ਦਿਤਾ, ਆਪਣੀ ਸਾਰੀ ਜ਼ਿੰਦਗੀ ਵਾਰ ਦਿਤੀ, ਉਹਨਾਂ ਦੀ ਯਾਦ ਵਿਚ ਛੁਟੀ ਨਾ ਹੋਣੀ ਸਿਧਾ ਵਿਤਕਰਾ ਨਹੀਂ ਤਾਂ ਕੀ ਹੈ ? ਫਿਰ ਗੁਰੂ ਸਾਹਿਬਾਨ ਦੇ ਵਿਰੁਧ ਗੰਦਾ ਲਿਟਰੇਚਰ ਛਾਪਿਆ ਜਾਂਦਾ ਹੈ।

ਨੰਦਾ ਜੀ – ਕਿਥੇ ਛਪਿਆ ਹੈ ?

ਸੰਤ ਜੀ – ਰਾਜਿਸਥਾਨ ਦੇ ਸਕੂਲਾਂ 'ਚ ਚੌਥੀ ਸ਼ਰੇਣੀ ਵਿਚ ਪੜ੍ਹਾਇਆ ਜਾਂਦਾ ਹੈ, ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਿਰੁਧ ਭੈੜੇ ਲਫ਼ਜ਼ ਵਰਤੇ ਗਏ ਹਨ।

ਨੰਦਾ ਜੀ–ਮੈਂ ਪ੍ਰਧਾਨ ਮੰਤਰੀ ਜੀ ਵਲੋਂ ਆਪ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਨ੍ਹਾਂ ਸਾਰੀਆਂ ਸ਼ਕਾਇਤਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ।

ਸੰਤ ਜੀ–ਤੁਸੀਂ ਹਰ ਗਲ ਕਾਗ਼ਜ਼ਾਂ ਵਿਚ ਰਖ ਛਡਦੇ ਹੋ ਅਮਲ ਨਹੀਂ ਕਰਦੇ। ਅਸਾਨੂੰ ਪਿਛਲੇ ਤਜਰਬੇ ਤੋਂ ਭਲੀ ਪ੍ਰਕਾਰ ਯਾਦ ਹੈ